# ਦਫਤਰ: ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
## ਭ ਤੇ ਮ ਸਾਖਾ, ਨਾਭਾ

ਪਤਾ: ਹੀਰਾ ਇੰਨਕਲੇਵ, ਪ੍ਰਬੰਧਕੀ ਕੰਪਲੈਕਸ, ਬਲਾਕ-ਸੀ, ਨਾਭਾ

ਫੋਨ ਨੰਬਰ: 01765-220135 ਈ-ਮੇਲ: ee.cd.nbh.pwd@punjab.gov.in

ਮੀਮੋ ਨੰ. 1669 ਮਿਤੀ. 12/6/24

ਵੱਲ

Principal,
S. Hardam Singh Public School,
Jindalpur, Dist. Patiala,
Ph. No.-01765-261367

ਵਿਸ਼ਾ: To issue the building safety certificate.
(S. Hardam Singh Public School at V.P.O Jindalpur Teh Nabha Distt Patiala)

ਹਵਾਲਾ:- ਆਪ ਦੇ ਦਫਤਰ ਦਾ ਪੱਤਰ ਨੰ. SHSPS/3147/2024 ਮਿਤੀ 27.02.2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.3 ਭ ਤੇ ਮ ਸਾਖਾ, ਪਟਿਆਲਾ ਵੱਲੋਂ ਕੀਤੀ ਰਿਪੋਰਟ ਦੇ ਸਨਮੁੱਖ ਸਕੂਲ ਦੀ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਬਣਦੀ ਫੀਸ ਸਕੂਲ ਮੈਨਜਮੇਟ ਵੱਲੋਂ ਡਿਮਾਂਡ ਡਰਾਫਟ ਨੰ. 169445 ਮਿਤੀ 07.06.2024 ਰਾਹੀ ਬਾਬਤ ਰਕਮ 50000/- ਰੁਪਏ ਦਾ ਪੰਜ ਸਾਲਾ (2019-24) ਲਈ ਅਤੇ ਡਿਮਾਂਡ ਡਰਾਫਟ ਨੰ. 169444 ਮਿਤੀ 07.06.2024 ਰਾਹੀ ਬਾਬਤ ਰਕਮ 50000/- ਰੁਪਏ ਦਾ ਪੰਜ ਸਾਲਾ (2024-29) ਲਈ ਅਤੇ ਇੰਨਸਪੈਕਸ਼ਨ ਫੀਸ ਡਿਮਾਂਡ ਡਰਾਫਟ ਨੰ. 169443 ਮਿਤੀ 07.06.2024 ਰਾਹੀ ਬਾਬਤ ਰਕਮ 2,000/- ਰੁਪਏ ਜਮ੍ਹਾਂ ਕਰਵਾ ਦਿੱਤੀ ਗਈ ਹੈ। ਸਾਲ (2019-24) ਤੱਕ ਸਕੂਲ ਵੱਲੋਂ ਦਿੱਤੀ ਗਈ ਅੰਡਰਟੇਕਿੰਗ ਦਾ ਪੱਤਰ ਨੰ. SHSPS/3194/2024 ਮਿਤੀ 04.06.2024 ਅਨੁਸਾਰ ਅਤੇ ਉਪਰੋਕਤ ਦੇ ਸਨਮੁੱਖ ਆਪ ਨੂੰ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.3 ਭ ਤੇ ਮ ਸਾਖਾ, ਪਟਿਆਲਾ ਵੱਲੋਂ ਵਿੱਤੀ ਸਾਲ 2019-2024 ਤੱਕ (ਪੰਜ ਸਾਲਾ) ਲਈ ਅਤੇ ਵਿੱਤੀ ਸਾਲ 2024-29 ਤੱਕ (ਪੰਜ ਸਾਲਾ) ਲਈ ਕੀਤੀ ਗਈ ਸਿਫਾਰਸ਼ ਦੇ ਮੱਦੇ ਨਜਰ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖਿਆ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1) ਬਿਲਡਿੰਗ ਦੇ ਆਲੇ-ਦੁਆਲੇ ਅਤੇ ਛੱਤਾਂ ਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ।
2) ਜੇਕਰ ਇਮਾਰਤ ਵਿਚ ਕਿਸੇ ਕਿਸਮ ਦੀ ਤਰੇੜ ਵਗੈਰਾ ਜਾਂ ਫਿਰ ਸਲਾਬ ਆਦਿ ਆ ਜਾਂਦੀ ਹੈ ਤਾਂ ਉਸ ਜਗ੍ਹਾ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸ ਜਗ੍ਹਾਂ ਦੀ ਰਿਪੇਅਰ ਤੁਰੰਤ ਕਿਸੇ ਮੰਨਜੂਰਸੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਈ ਜਾਵੇ ਅਤੇ ਉਸ ਥਾਂ ਦਾ ਮੁੜ ਤੋਂ ਸੇਫਟੀ ਸ਼ਰਟੀਫਿਕੇਟ ਇਸ ਮਹਿਕਮੇ ਤੋਂ ਜਾਰੀ ਕਰਵਾਇਆ ਜਾਵੇ।
3) ਨਾਲ ਨੱਥੀ ਨਕਸ਼ੇ ਤੋਂ ਇਲਾਵਾ ਜੇਕਰ ਆਪ ਵੱਲੋਂ ਕੋਈ ਵਾਧੂ ਉਸਾਰੀ ਕਰਨੀ ਹੋਵੇ ਤਾਂ ਉਸਦੀ ਮੰਨਜੂਰੀ ਇਸ ਮਹਿਕਮੇ ਪਾਸੋ ਲਈ ਜਾਵੇ ਅਤੇ ਵਾਧੂ ਉਸਾਰੀ ਦਾ ਕੰਮ ਕਿਸੇ ਮੰਨਜੂਰ ਸੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਇਆ ਜਾਵੇ।
4) ਜੇਕਰ ਆਪ ਵੱਲੋਂ ਆਉਣ ਵਾਲੇ ਸਮੇਂ/ ਸਾਲ 2024-2029 ਦੌਰਾਨ ਬਿਲਡਿੰਗ ਵਿੱਚ ਕੋਈ ਵਾਧਾ ਘਾਟਾ ਕੀਤਾ ਜਾਂਦਾ ਹੈ ਅਤੇ ਇਸ ਮਹਿਕਮੇ ਨੂੰ ਇਤਲਾਹ ਨਹੀ ਦਿੱਤੀ ਜਾਂਦੀ ਤਾਂ ਉਕਤ ਜਾਰੀ ਹੋਇਆ ਬਿਲਡਿੰਗ ਸੇਫਟੀ ਸ਼ਰਟੀਫਿਕੇਟ ਬਿਨਾਂ ਕਿਸੇ ਕਾਰਨ ਦੱਸੇਂ ਨੋਟਿਸ ਦੇ ਇਸ ਮਹਿਕਮੇ ਵੱਲੋ ਰੱਦ ਸਮਝਿਆ ਜਾਵੇਗਾ ਜਿਸ ਦੀ ਨਿਰੋਲ ਜ਼ਿਮੇਵਾਰੀ ਆਪ ਦੀ ਹੋਵੇਗੀ।
5) ਇੱਥੇ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਬਿਲਡਿੰਗ ਸਬੰਧੀ ਫਾਇਰ ਸੇਫਟੀ ਸਰਟੀਫਿਕੇਟ ਸਬੰਧਤ ਮਹਿਕਮੇ ਤੋਂ ਹਰ ਸਾਲ ਆਪਣੇ ਖਰਚੇ ਤੇ ਲੈਣ ਦਾ ਪਾਬੰਦ ਹੋਵੇਗਾ। ਜੇਕਰ ਬਿਲਡਿੰਗ ਵਿੱਚ ਕਿਸੇ ਕਿਸਮ ਦੀ ਅਣਸੁਖਾਵੀ ਘਟਨਾ ਵਾਪਰ ਦੀ ਹੈ ਤਾਂ ਇਸ ਮਹਿਕਮੇ ਦੀ ਕੋਈ ਜ਼ਿਮੇਵਾਰੀ ਨਹੀਂ ਹੋਵੇਗੀ।
6) ਜੇਕਰ ਆਉਣ ਵਾਲੇ ਸਮੇ ਦੌਰਾਨ ਸਰਕਾਰ ਦੀਆਂ ਕੋਈ ਹਦਾਇਤਾਂ ਨਵੀਆਂ ਫੀਸਾਂ ਸਬੰਧੀ ਆਉਂਦੀਆਂ ਹਨ ਤਾਂ ਸਕੂਲ ਮਨੇਜ਼ਮੇਂਟ ਉਹਨਾਂ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
7) ਭਵਿੱਖ ਵਿਚ ਆਡਿਟ ਦੌਰਾਨ ਜਾਂ ਫੇਰ ਜੇਕਰ ਇਸ ਮਹਿਕਮੇ ਵਲੋ ਆਪ ਦੇ ਸਕੂਲ ਵਿਰੁੱਧ ਕੋਈ ਬਕਾਇਆ/ਦੇਣਦਾਰੀ ਨਿਕਲਦੀ ਹੈ ਤਾਂ ਆਪ ਉਹ ਬਕਾਇਆ/ਦੇਣਦਾਰੀ ਇਸ ਦਫਤਰ ਵਿਖੇ ਜਮਾਂ ਕਰਵਾਉਣ ਦੇ ਪਾਬੰਦ ਹੋਵੇਗੇ ਅਤੇ ਇਸ ਸਬੰਧੀ ਕੋਈ ਕਲੇਮ/ਲਿਟੀਗੇਸ਼ਨ ਨਹੀ ਕਰੇਗੇ।

**ਨੋਟ:- ਜੇਕਰ ਉਪਰੋਕਤ ਲਿਖਿਆ ਹਦਾਇਤਾਂ/ਸ਼ਰਤਾਂ ਦੀ ਸਬੰਧਤ ਸਕੂਲ ਮਨੇਜ਼ਮੇਂਟ ਵੱਲੋਂ ਉਲੰਘਣਾ ਕੀਤੀ ਜਾਂਦੀ ਹੈ ਤਾਂ ਮਹਿਕਮੇ ਵੱਲੋਂ ਜਾਰੀ ਕੀਤਾ ਗਿਆ ਐਨ.ਓ.ਸੀ. ਬਿਨਾਂ ਨੋਟਿਸ ਰੱਦ ਸਮਝਿਆ ਜਾਵੇਗਾ ਜਿਸ ਦੀ ਨਿਰੋਲ ਜ਼ਿੰਮੇਵਾਰੀ ਆਪ ਦੀ ਹੋਵੇਗੀ।**

**ਨੱਥੀ: ਡਰਾਇੰਗ**

Chairman Principal
S. Hardam Singh Public School
JINDALPUR

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭ ਤੇ ਮ ਸਾਖਾ,
ਨਾਭਾ

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ.03 ਭ ਤੇ ਮ ਸਾਖਾ, ਪਟਿਆਲਾ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ. 109 ਮਿਤੀ 02.06.2024 ਦੇ ਹਵਾਲੇ ਰਾਹੀ ਡਿਮਾਂਡ ਡਰਾਫਟ ਨੰ. 169445 ਮਿਤੀ 07.06.2024 ਰਾਹੀ ਬਾਬਤ ਰਕਮ 50000/- ਰੁਪਏ SBI Bank ਦਾ ਪੰਜ ਸਾਲਾ (2019-24) ਲਈ ਅਤੇ ਡਿਮਾਂਡ ਡਰਾਫਟ ਨੰ. 169444 ਮਿਤੀ 07.06.2024 ਰਾਹੀ ਬਾਬਤ ਰਕਮ 50000/- ਰੁਪਏ SBI Bank ਦਾ ਪੰਜ ਸਾਲਾ (2024-29) ਲਈ ਅਤੇ ਇੰਨਸਪੈਕਸ਼ਨ ਫੀਸ ਡਿਮਾਂਡ ਡਰਾਫਟ ਨੰ. 169443 ਮਿਤੀ 07.06.2024 ਰਾਹੀ ਬਾਬਤ ਰਕਮ 2,000/- ਰੁਪਏ SBI Bank ਦਾ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਡਿਮਾਂਡ ਡਰਾਫਟਾਂ ਨੂੰ ਸਰਕਾਰੀ ਹੈੱਡ (8782) ਵਿੱਚ ਜਮਾਂ ਕਰਵਾ ਕੇ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ: ਡਰਾਇੰਗ ਅਤੇ ਡਰਾਫਟ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਭ ਤੇ ਮ ਸਾਖਾ,
ਨਾਭਾ।